# ਦਫ਼ਤਰ ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ, ਪੰਜਾਬ

ਛੇਵੀਂ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ

ਵੱਲ,

ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼,
ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ: 48/2-2015-ਡਿਡਾਗਾਬਿ 267-288
ਮਿਤੀ: ਸ.ਅ.ਸ. ਨਗਰ 24.7.2017

ਵਿਸ਼ਾ: **"ਕਿੱਤਾ ਸੂਚਨਾ " ਮੈਗਜ਼ੀਨ ਲਈ ਆਰਟੀਕਲ ਭੇਜਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ ਪੰਜਾਬ ਵੱਲੋਂ ਤਿਮਾਹੀ ਮੈਗਜੀਨ " ਕਿੱਤਾ ਸੂਚਨਾ" ਛਾਪਿਆ ਜਾਂਦਾ ਹੈ। ਸਿੱਖਿਆ ਦੇ ਅਧਿਕਾਰੀਆਂ/ ਕਰਮਚਾਰੀਆਂ/ਅਧਿਆਪਕਾਂ ਵੱਲੋਂ ਸਮੇਂ-ਸਮੇਂ ਤੇ ਕਿੱਤਿਆਂ ਸਬੰਧੀ ਲੇਖ/ਆਰਟੀਕਲ ਭੇਜੇ ਜਾਂਦੇ ਹਨ ਜੋ ਕਿ " ਕਿੱਤਾ ਸੂਚਨਾ" ਮੈਗਜੀਨ ਵਿੱਚ ਛੱਪਦੇ ਹਨ। ਡਾਇਰੈਕਟਰ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ ਵੱਲੋਂ ਆਰਟੀਕਲਜ਼ ਦੀ ਮੰਗ ਕੀਤੀ ਗਈ ਹੈ। ਇਸ ਲਈ ਘੱਟੋ-ਘੱਟ 2 ਕਿੱਤਾ ਲੇਖ ਵੱਖ-ਵੱਖ ਕਿੱਤਿਆਂ ਅਤੇ ਦਾਖਲਿਆਂ ਸਬੰਧੀ ਮਿਤੀ 4.8.2017 ਤੱਕ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਸਤੰਬਰ 2017 ਵਿੱਚ ਪ੍ਰਕਾਸ਼ਿਤ ਹੋਣ ਵਾਲੇ ਮੈਗਜ਼ੀਨ ਵਿੱਚ ਛਾਪੇ ਜਾ ਸਕਣ। ਆਰਟੀਕਲ/ਲੇਖ 250 ਸ਼ਬਦਾਂ ਤੋਂ ਘੱਟ ਨਹੀਂ ਹੋਣਾ ਚਾਹੀਦਾ। ਦਫ਼ਤਰ ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ ਵਿੱਚ ਲੇਖਾਂ ਦੀ ਹਾਰਡ ਕਾਪੀ ਭੇਜੀ ਜਾਵੇ। ਸਾਫਟ ਕਾਪੀ guidancebureau2014@gmail.com ਅਤੇ hq.degt@gmail.com ਤੇ ਈ-ਮੇਲ ਰਾਹੀਂ ਭੇਜੀ ਜਾਵੇ। ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

24/7/17
ਸਹਾਇਕ ਡਾਇਰੈਕਟਰ
ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ
ਪੰਜਾਬ

ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ)ਅੰਮ੍ਰਿਤਸਰ

ਈ ਮੇਲ: guidance.asr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ :ਗਾਈਡੈਂਸ/ਅੰਮ੍ਰਿਤਸਰ/ 51 ਮਿਤੀ : 02/08/2017

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਹੈਡਮਾਸਟਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ.)
ਅੰਮ੍ਰਿਤਸਰ 2/8/2017